**Shikshan Sanshodhan : Journal of Arts, Humanities and Social Sciences** ISSN(o): 2581-6241
Monthly, Peer-Reviewed, Refereed, Indexed Journal Impact Factor: 6.471
Volume - 6, Issue - 8, August - 2023 Publication Date: 15/08/2023

DOIs:10.2018/SS/202308006 --:-- Research Paper / Article / Review

# ਤਰਕਸ਼ੀਲ ਲਹਿਰ ਦੇ ਨਾਟਕ ਦਾ ਪੇਂਡੂ ਰੰਗਮੰਚ

**ਕੰਵਲਜੀਤ ਕੌਰ**
**ਖੋਜਾਰਥੀ**
**ਗੁਰੂ ਕਾਸ਼ੀ ਯੂਨੀਵਰਸਿਟੀ**
**ਤਲਵੰਡੀ ਸਾਬੋ (ਬਠਿੰਡਾ)**
Email - sompalheera@gmail.com

ਇਹਨਾਂ ਨਾਟਕਾਂ ਦੇ ਮੰਚ ਲਈ ਪਿੰਡਾਂ ਵਿਚ ਕੋਈ ਵਿਸ਼ੇਸ਼ ਥੀਏਟਰ ਹਾਲ ਜਾਂ ਕੋਈ ਖੁੱਲ੍ਹਾ ਰੰਗਮੰਚ ਨਹੀਂ ਸੀ ਹੁੰਦਾ। ਪਿੰਡ ਦੀ ਸੱਥ ਵਿਚ ਉਹ ਜਗ੍ਹਾ ਜਿੱਥੇ ਉੱਚਾ ਚੌਂਤਰਾ, ਥੜ੍ਹਾ ਬਣਿਆ ਹੋਵੇ ਜਿਸ ਦੇ ਤਿੰਨੇ ਪਾਸੇ ਦਰਸ਼ਕ ਬੈਠ ਕੇ ਨਾਟਕ ਦੇਖ ਸਕਣ, ਚੁਣਿਆ ਜਾਂਦਾ ਸੀ। ਗੁਰਸ਼ਰਨ ਸਿੰਘ ਨੇ ਇਸ ਪੇਂਡੂ ਰੰਗਮੰਚ ਨੂੰ 'ਥੜ੍ਹਾ ਥੀਏਟਰ' ਦਾ ਨਾਂ ਵੀ ਦਿੱਤਾ ਹੈ। ਇਸ ਚੌਂਤਰੇ ਦੇ ਪਿੱਛੇ ਜੇ ਕੋਈ ਕਮਰਾ ਮਿਲ ਜਾਂਦਾ ਤਾਂ ਉਸ ਨੂੰ ਗਰੀਮ ਰੂਮ ਵਜੋਂ ਵਰਤ ਲਿਆ ਜਾਂਦਾ ਜਾਂ ਥੜ੍ਹੇ ਦੇ ਪਿੱਛੇ ਜਾਂ ਸੱਜੇ-ਖੱਬੇ ਟੈਂਟ ਲਾ ਕੇ ਗਰੀਨ ਰੂਮ ਬਣਾ ਲਿਆ ਜਾਂਦਾ ਹੈ। ਇਸ ਤੋਂ ਬਿਨਾਂ ਦੋ ਰੇੜ੍ਹੀਆਂ ਜੋੜ ਕੇ (ਬਿਨਾਂ ਵਿੱਢ ਵਾਲੀਆਂ) ਸਟੇਜ ਬਣਾ ਕੇ ਉਸ ਉਪਰ ਦਰੀਆਂ ਵਛਾ ਦਿੱਤੀਆਂ ਜਾਂਦੀਆਂ। ਪਿੱਛੇ ਕਨਾਤ ਅਤੇ ਛੱਤ 'ਤੇ ਚਾਨਣੀ ਲਗਾ ਕੇ ਮੰਚ ਬਣਾ ਲਿਆ ਜਾਂਦਾ।

ਪਿੰਡਾਂ ਵਿਚ ਟੈਂਟ ਆਉਣ ਨਾਲ ਥੜ੍ਹੇ ਤੇ ਰੇੜ੍ਹੀਆਂ ਨੂੰ ਛੱਡ ਕੇ ਟੈਂਟ ਵਾਲੇ (ਖਾਣਾ ਖਾਣ ਵਾਲੇ) ਟੇਬਲ ਜੋੜ ਕੇ ਉਹਨਾਂ ਦੀਆਂ ਲੱਤਾਂ ਨੂੰ ਸੇਬਿਆਂ ਨਾਲ ਬੰਨ ਕੇ ਮੰਚ ਬਣਾ ਲਿਆ ਜਾਂਦਾ। ਉਸ ਉਪਰ ਮੋਟਾ ਮੈਟ ਵਛਾ ਦਿੱਤਾ ਜਾਂਦਾ ਤਾਂ ਕਿ ਅਦਾਕਾਰ ਅੜਕ ਨਾ ਜਾਵੇ। ਕਈ ਪਿੰਡਾਂ ਵਿੱਚ ਅੱਜ-ਕਲ੍ਹ ਚਲਦੀ ਫਿਰਦੀ ਟਰਾਲ਼ੀ ਵਾਲੀ ਸਟੇਜ ਵੀ ਮਿਲ ਜਾਂਦੀ ਹੈ। ਕਈ ਸਕੂਲਾਂ ਦੀਆਂ ਪੱਕੀਆਂ ਸਟੇਜਾਂ ਵੀ ਮਿਲ ਜਾਂਦੀਆਂ ਜਾਂ ਪਿੰਡਾਂ ਵਿਚ ਟੂਰਨਾਮੈਂਟ ਲਈ ਗਰਾਊਂਡ ਵਿਚ ਪੱਕੀ ਸਟੇਜ ਬਣਾਈ ਹੋਣ ਕਰਕੇ ਨਾਟਕ ਲਈ ਵਰਤ ਲਈ ਜਾਂਦੀ ਹੈ। ਕਈ ਪਿੰਡਾਂ ਵਿਚ ਸੰਤਾਂ, ਬਾਬਿਆਂ ਦੇ ਦੀਵਾਨਾਂ ਲਈ ਵੀ ਪੱਕੀਆਂ ਸਟੇਜਾਂ ਬਣਾਈਆਂ ਹੋਈਆਂ ਹਨ। ਉਹਨਾਂ ਨੂੰ ਵੀ ਪੇਸ਼ਕਾਰੀ ਲਈ ਵਰਤ ਲਿਆ ਜਾਂਦਾ ਹੈ। ਬਿਜਲੀ ਲਈ ਟਰੈਕਟਰ ਵਾਲਾ ਜਨਰੇਟਰ ਜਾਂ ਘਰ ਵਾਲੇ ਜਨਰੇਟਰ ਦੀ ਵਰਤੋਂ ਕਰ ਲਈ ਜਾਂਦੀ ਹੈ ਜਿਸ ਦੀ ਸਮਤਾ 25-30 ਕਿਲੋਵਾਟ ਵਾਲੀ ਹੋਵੇ।

ਮੰਚ ਲਈ ਰੌਸ਼ਨੀ ਦਾ ਪ੍ਰਬੰਧ ਲੋਕ ਟੈਂਟ ਸਰਵਿਸ ਜਾਂ ਡੀ.ਜੇ. ਵਾਲੇ ਤੋਂ ਉਚੇਚਾ ਕਰ ਲਿਆ ਜਾਂਦਾ ਹੈ, ਕਲਾਕਾਰਾਂ ਲਈ ਚਾਹ ਪਾਣੀ ਤੇ ਲੰਗਰ ਪਾਣੀ ਦਾ ਪ੍ਰਬੰਧ ਖੁੱਲ੍ਹਾ ਹੁੰਦਾ ਹੈ। ਪੇਂਡੂ ਲੋਕਾਂ ਨੂੰ ਨਾਟਕ ਦਾ ਚਾਅ ਬਹੁਤ ਹੁੰਦਾ ਹੈ। ਦਰਸ਼ਕਾਂ ਦੇ ਬੈਠਣ ਲਈ ਦਰੀਆਂ ਅਤੇ ਟੈਂਟ ਵਾਲੀਆਂ ਕੁਰਸੀਆਂ ਦਾ ਪ੍ਰਬੰਧ ਕਰ ਲਿਆ ਜਾਂਦਾ ਹੈ। ਮਾਹੌਲ ਨੂੰ ਸ਼ਾਂਤ ਰੱਖਣ ਲਈ ਵਲੰਟੀਅਰਾਂ ਡਾਂਗਾ ਸੋਟੀਆਂ ਲੈ ਕੇ ਜ਼ਮੀਨ ਤੇ ਡਾਂਗ ਮਾਰ ਕੇ ਆਪਣੀ ਹਾਜ਼ਰੀ ਭਰਦੇ ਰਹਿੰਦੇ ਹਨ।

ਨਿਰਦੇਸ਼ਕ ਨਾਟਕ ਸ਼ੁਰੂ ਕਰਨ ਤੋਂ ਪਹਿਲਾਂ ਆਪਣੇ ਵਲੋਂ ਦੋ ਤਿੰਨ ਬੇਨਤੀਆਂ ਕਰ ਦਿੰਦਾ ਹੈ :

- ਮੋਬਾਇਲ ਬੰਦ ਜਾਂ ਸਵਿੱਚ ਔਫ ਕਰ ਲਓ। (ਮੋਬਾਇਲ ਦੇ ਪ੍ਰਵੇਸ਼ ਸਮੇਂ)
- ਬੱਚਿਆਂ ਨੂੰ ਰੌਲਾ ਨਾ ਪੌਣ ਦਿਓ।
- ਚਲਦੇ ਨਾਟਕ ਵਿਚ ਨਾ ਉੱਠਿਓ।

ਨਾਟਕਾਂ ਦੇ ਵਿਸ਼ੇ ਲਗਭਗ ਪੇਂਡੂ ਲੋਕਾਂ ਦੀ ਜ਼ਿੰਦਗੀ ਨਾਲ ਜੁੜੇ ਹੋਣ ਕਰਕੇ ਲੋਕ ਟਿਕ ਕੇ ਨਾਟਕ ਦੇਖਦੇ। ਭਾਵੁਕ ਦ੍ਰਿਸ਼ ਨੂੰ ਦੇਖ ਸਿਸਕੀਆਂ ਵੀ ਭਰਦੇ, ਲੋਕਾਂ ਦੀਆਂ ਅੱਖਾਂ ਵਿਚ ਹੰਝੂ ਵੀ ਆਉਂਦੇ। ਪੇਸ਼ਕਾਰੀ ਤੋਂ ਪ੍ਰਭਾਵਤ ਦਰਸ਼ਕ ਕਲਾਕਾਰਾਂ ਨੂੰ ਪੈਸੇ ਵੀ ਦੇ ਦਿੰਦੇ। ਪੂਰੇ ਨਾਟਕ ਮੇਲੇ ਦਾ ਆਰਥਿਕ ਪ੍ਰਬੰਧ ਤਰਕਸ਼ੀਲ ਆਗੂਆਂ/ਵਲੰਟੀਅਰਾਂ/ਮੈਂਬਰਾਂ ਨੇ ਕੀਤਾ ਹੁੰਦਾ ਹੈ। ਆਉਣ ਵਾਲੀ ਨਾਟਕ ਟੀਮ ਨੂੰ 8 ਹਜ਼ਾਰ ਤੋਂ 20 ਹਜ਼ਾਰ ਰੁਪਏ ਤੱਕ ਉਹਨਾਂ ਦੀ ਪੇਸ਼ਕਾਰੀ ਦੇ ਦਿੰਦੇ ਹਨ।

ਮੰਚ ਦੇ ਫਰੰਟ ਵੱਲ ਕਈ ਟੀਮਾਂ ਕੋਲ ਆਪਣਾ ਕਾਲੇ ਰੰਗ ਦਾ ਪਰਦਾ ਵੀ ਬਣਾਇਆ ਹੁੰਦਾ ਹੈ। ਨਾਟਕ ਦਾ ਸੈੱਟ ਲਗਾ ਕੇ ਜਦੋਂ ਪੇਸ਼ਕਾਰੀ ਸ਼ੁਰੂ ਹੁੰਦੀ ਹੈ ਤਾਂ ਪਰਦਾ ਹਟਾ ਦਿੱਤਾ ਜਾਂਦਾ ਹੈ। ਕਈ ਨਾਟਕ ਗਰੁੱਪ ਉਚੇਚੀਆਂ ਲਾਈਟਾਂ ਵੀ ਮੰਗਾ ਲੈਂਦੇ ਹਨ। ਰਾਏਕੋਟ ਤੋਂ ਫਿਰੋਜ਼ਪੁਰ, ਫਰੀਦਕੋਟ ਦੇ ਆਲੇ ਦੁਆਲੇ ਜਿੰਨੇ ਵੀ ਨਾਟਕ ਮੇਲੇ ਹੁੰਦੇ ਹਨ ਉਹਨਾਂ ਫਰੀਦਕੋਟ ਤੋਂ ਬਹੁਤ ਲੰਬੇ ਸਮੇਂ ਤੋਂ ਰੰਗਮੰਚ ਨਾਲ ਜੁੜਿਆ ਜੀ.ਐਸ ਕਾਕਾ ਹੈ ਜੋ ਟੀਮ ਦੀ ਸਮਰੱਥ ਨੂੰ ਧਿਆਨ ਵਿਚ ਰੱਖਦਿਆਂ ਰੌਸ਼ਨੀ ਤੇ ਸਾਊਂਡ ਦਾ ਆਧੁਨਿਕ ਪ੍ਰਬੰਧ ਕਰਦਾ ਹੈ। ਲੁਧਿਆਣਾ ਤੋਂ ਕਿਸ਼ੋਰ, ਜਗਦੀਸ਼, ਇੰਦਰ ਰੰਗਮੰਚ ਨਾਲ ਜੁੜੇ ਹੋਏ ਲੰਬੇ ਸਮੇਂ ਤੋਂ ਲਾਈਟ ਅਤੇ ਸਾਊਂਡ ਚਲਾ ਰਹੇ ਹਨ।

ਤਰਕਸ਼ੀਲ ਲਹਿਰ ਨੇ ਜਿੱਥੇ ਲੋਕਾਂ ਨੂੰ ਅੰਧ ਵਿਸ਼ਵਾਸ, ਝੂਠੇ ਕਰਮ ਕਾਂਡ, ਧਰਮ ਦੀ ਜਕੜਬੰਦੀ ਵਿੱਚੋਂ ਕੱਢਿਆ ਹੈ ਉਥੇ ਲੋਕ ਕਲਾ, ਰੰਗਮੰਚ ਤੇ ਨਾਟਕ ਦੇ ਵਿਕਾਸ ਵਿਚ ਬਹੁਤ ਯੋਗਦਾਨ ਪਾਇਆ ਹੈ। ਆਮ ਸਾਧਾਰਨ ਬੰਦੇ ਨੂੰ ਨਾਟਕ ਦੇ ਨਵੇਂ ਵਿਸ਼ਿਆਂ, ਨਵੀਆਂ ਸ਼ੈਲੀਆਂ ਨਾਲ ਜੋੜਿਆ ਹੈ। ਨਾਟਕ ਤੇ ਰੰਗਮੰਚ ਨੂੰ ਪੇਂਡੂ ਧਰਾਤਲ ਨਾਲ ਜੋੜਿਆ ਹੈ। ਜਨਸਮੂਹ ਦੇ ਨਿੱਕੇ ਨਿੱਕੇ ਖਿਆਲ, ਰੋਸੇ, ਪਿਆਰ, ਲੜਾਈ ਝਗੜੇ, ਝੂਠ, ਕਪਟ, ਮਨੋਭਾਵ, ਫਰੇਬ ਦੀਆਂ ਸੂਖਮ ਤੋਂ ਸੂਖਮ ਤੰਦਾਂ ਨੂੰ ਫੜ ਕੇ ਨਾਟਮੰਚ ਦੀ ਸਮੱਗਰੀ ਬਣਾਉਣ ਵਿਚ ਮਦਦ ਕੀਤੀ ਹੈ। ਲੱਖਾਂ ਲੋਕਾਂ ਦੇ ਘਰ ਟੁੱਟਣੇ ਰੋਕੇ ਨੇ ਲੱਖਾਂ ਲੋਕਾਂ ਦੇ ਟੁੱਟੇ ਰਿਸ਼ਤੇ ਜੋੜੇ ਨੇ ਕਰੋੜਾਂ ਲੋਕਾਂ ਨੂੰ ਅੰਧ ਵਿਸ਼ਵਾਸ ਦੀ ਡੂੰਘੀ ਖੱਡ ਵਿਚ ਡਿੱਗਣੋਂ ਰੋਕਿਆ ਤੇ ਬਚਾਇਆ। ਵਿਹਲੜ ਲੋਕਾਂ ਨੂੰ ਕੰਮ ਵੱਲ ਜੋੜਿਆ, ਲੱਖਾਂ ਲੋਕਾਂ ਨੂੰ ਸਾਹਿਤ ਦੀ ਚੇਟਕ ਲਾ ਕੇ ਸਾਹਿਤ ਨਾਲ ਜੋੜਿਆ ਹੈ। ਜਾਦੂ ਨੂੰ ਕਾਲਾ ਇਲਮ ਜਾਂ ਗੈਬੀ ਸ਼ਕਤੀ ਦੇ ਚੱਕਰ ਵਿੱਚੋਂ ਕੱਢ ਕੇ 'ਜਾਦੂ ਇਕ ਕਲਾ ਹੈ' ਸਮਝਾਉਣ ਦੀ ਕੋਸ਼ਿਸ਼ ਕਰਕੇ ਸਫਲਤਾ ਵੀ ਪ੍ਰਾਪਤ ਕੀਤੀ। ਬਹੁਤ ਸਾਰਾ ਪੈਸਾ ਧਰਮਿਕ ਪਖੰਡਾਂ ਦੀ ਭੇਟ ਚੜਨ ਤੋਂ ਬਚਾਇਆ ਅਤੇ ਲੋਕ ਭਲਾਈ ਕਾਰਜ ਵਿਚ ਲਾਉਣ ਦੀ ਲੋਕਾਂ ਦੀ ਮਾਨਸਿਕਤਾ ਨੂੰ ਬਦਲਣ ਦਾ ਕਾਰਜ ਕੀਤਾ ਹੈ।

**ਰੰਗਮੰਚ ਅਦਾਕਾਰ :** ਇਹਨਾਂ ਨਾਟਕਾਂ ਵਿੱਚ ਕੰਮ ਕਰਨ ਵਾਲੇ ਅਦਾਕਾਰ ਆਮ ਤੌਰ 'ਤੇ ਸਕੂਲਾਂ, ਕਾਲਜਾਂ ਤੇ ਯੂਥ ਫੈਸਟੀਵਲਾਂ ਵਿਚ ਅਦਾਕਾਰੀ ਕਰਨ ਵਾਲੇ ਮੁੰਡੇ ਕੁੜੀਆਂ ਹੀ ਹੁੰਦੇ ਹਨ। ਕਈ ਰਾਮਲੀਲਾ ਦੇ ਕਲਾਕਾਰ ਵੀ ਇਹਨਾਂ ਨਾਟਕਾਂ ਵਿੱਚ ਭਾਗ ਲੈ ਲੈਂਦੇ ਹਨ। ਕਈ ਵਾਰੀ ਯੂਨੀਵਰਸਿਟੀਆਂ ਵਿੱਚ ਰੰਗਮੰਚ ਦੀ ਸਿੱਖਿਆ ਲੈ ਕੇ ਨਿਕਲੇ ਕਲਾਕਾਰ ਇਹਨਾਂ ਨਾਟਕਾਂ ਨੂੰ ਨਿਰਦੇਸ਼ਨ ਦਿੰਦੇ ਹਨ। ਤਰਕਸ਼ੀਲ ਪਰਿਵਾਰਾਂ, ਖੱਬੇ ਪੱਖੀ ਪਰਿਵਾਰਾਂ ਦੇ ਬੱਚੇ ਇਨ੍ਹਾਂ ਨਾਟਕ ਟੀਮਾਂ ਵਿੱਚ ਕੰਮ ਕਰਦੇ ਸਨ।

**ਰਿਹਰਸਲਾਂ :** ਤਰਕਸ਼ੀਲ ਮੇਲਿਆਂ ਦਾ ਖੇਤਰ ਆਮ ਤੌਰ 'ਤੇ ਪੇਂਡੂ ਖੇਤਰ ਸੀ। ਇਹਨਾਂ ਨਾਟਕ ਗਰੁੱਪਾਂ ਵਿੱਚ ਕੰਮ ਕਰਨ ਵਾਲੇ ਕਲਾਕਾਰ, ਨਿਰਦੇਸ਼ਕ ਸਭ ਸ਼ੌਕੀਆ ਸਨ। ਆਰਥਿਕ ਪੱਖੋਂ ਵੀ ਸਭ ਕਮਜ਼ੋਰ ਸਨ। ਬਹੁਤੇ ਅਦਾਕਾਰ ਘੱਟ ਪੜ੍ਹੇ-ਲਿਖੇ ਤੇ ਬੇਰੁਜ਼ਗਾਰ ਨੌਜਵਾਨ ਸਨ। ਜਿਹੜੇ ਰੰਗਮੰਚੀ ਬਰੀਕੀਆਂ/ਜੁਗਤਾਂ ਤੋਂ ਜਾਣੂ ਨਹੀਂ ਸਨ ਪਰ ਇੱਕ ਸੁਚੱਜਾ ਨਾਟ ਨਿਰਦੇਸ਼ਕ ਇਨ੍ਹਾਂ ਤੋਂ ਕੰਮ ਲੈਣ ਦੀ ਜਾਂਚ ਖੂਬ ਜਾਣਦਾ ਸੀ, ਜਿਸ ਲਈ ਉਹ ਵਾਰ-ਵਾਰ ਰਿਹਰਸਲ ਨਾਲ ਸਧਾਰਣ ਨੌਜਵਾਨ ਨੂੰ ਪ੍ਰਪੱਕ ਅਦਾਕਾਰ ਬਣਾਉਣ ਦੀ ਸਮਰੱਥਾ ਰੱਖਦਾ ਸੀ, ਜਿਸ ਕਰਕੇ ਪੇਂਡੂ ਰੰਗਮੰਚ ਵਿੱਚ ਰਿਹਰਸਲ ਦਾ ਰੋਲ ਅਹਿਮ ਹੁੰਦਾ ਸੀ। ਨਾਟਕ ਦੀ ਸਕਰਿਪਟ ਮਿਲਣ ਤੋਂ ਬਾਅਦ ਨਾਟਕ ਦੀ ਪੁਨਰ-ਸਿਰਜਣਾ ਲਈ ਰਿਹਰਸਲ ਰੂਮ ਦਾ ਹੋਣਾ ਜ਼ਰੂਰੀ ਹੈ ਕਿਉਂਕਿ ਰਿਹਰਸਲ ਤੋਂ ਬਿਨਾਂ ਨਾਟ ਪੇਸ਼ਕਾਰੀ ਪਰਪੱਕ ਨਹੀਂ ਹੁੰਦੀ। ਕਿਉਂਕਿ ਨਾਟਕ ਰਿਹਰਸਲ ਨਾਟ ਪੇਸ਼ਕਾਰੀ ਦਾ ਮੁੱਢਲਾ ਤੇ ਅਹਿਮ ਪੜਾਅ ਹੈ।

"ਉਚਿਤ ਰਿਹਰਸਲਾਂ ਤੋਂ ਬਿਨਾਂ ਨਾਟਕ ਦਾ ਮੰਚਣ ਕਰਨਾ ਨਿਰਦੇਸ਼ਕ ਨੂੰ ਕਦੇ ਵੀ ਮਨਜ਼ੂਰ ਨਹੀਂ ਹੁੰਦਾ ਕਿਉਂਕਿ ਰਿਹਰਸਲਾਂ ਤੋਂ ਬਿਨਾਂ ਪੇਸ਼ਕਾਰੀ ਵਿਚ ਪਰਪੱਕਤਾ, ਗਠਨ, ਕੁਸ਼ਲਤਾ ਅਤੇ ਚਮਕ ਆ ਹੀ ਨਹੀਂ ਸਕਦੀ।"[1]

ਰਿਹਰਸਲ ਦਾ ਹੋਣਾ ਜ਼ਰੂਰੀ ਹੈ ਨਾਟਕ ਦੀ ਕਾਂਟ-ਛਾਂਟ, ਵਾਧੂ ਸੀਨ ਦਾ ਕੱਟਣਾ, ਸੰਵਾਦ ਯਾਦ ਕਰਨਾ, ਬਲੌਕਿੰਗ ਦਾ ਪਤਾ ਹੋਣਾ, ਕਿੱਥੋਂ-ਕਿੱਥੇ ਜਾਣਾ ਬੈਠਣਾ, ਉਠਣਾ, ਕੰਮ ਕਰਨਾ ਆਦਿ ਸਭ ਕੁਝ ਰਿਹਰਸਲ ਵਿੱਚ ਹੀ ਤੈਅ ਹੁੰਦਾ ਹੈ। ਸੋ ਇਹਨਾਂ ਪੇਂਡੂ ਰੰਗਕਰਮੀਆਂ ਕੋਲ ਕੋਈ ਪੱਕਾ, ਵਧੀਆ ਸਾਊਂਡ ਪਰੂਫ ਹਾਲ, ਲਾਈਟਾਂ ਜਾਂ ਸਾਊਂਡ ਨਹੀਂ ਹੁੰਦਾ ਬਲਕਿ ਇਹ ਸ਼ੌਕੀਆ ਮੰਡਲੀਆਂ ਆਪਣੀਆਂ ਰਿਹਰਸਲਾਂ ਕਿਸੇ ਸਕੂਲ, ਕਾਲਜ ਵਿੱਚ ਕਰ ਲੈਂਦੀਆਂ ਜਾਂ ਪਿੰਡ ਦੀ ਧਰਮਸ਼ਾਲਾ, ਪੰਚਾਇਤ ਘਰ ਜਾਂ ਕਿਸੇ ਦਾ ਖਾਲੀ ਪਿਆ ਮਕਾਨ ਹੀ ਇਨ੍ਹਾਂ ਦਾ ਰਿਹਰਸਲ ਰੂਮ ਹੁੰਦਾ ਹੈ। ਪਰ ਇਹ ਸਿਰੜੀ ਰੰਗਕਰਮੀ ਸਰਲ ਤੇ ਸਾਦੇ ਰੰਗਮੰਚ ਰਾਹੀਂ ਆਪਣੀ ਪੇਸ਼ਕਾਰੀ ਕਰਨ ਵਿੱਚ ਸਫ਼ਲ ਹੋ ਜਾਂਦੇ।

ਰਿਹਰਸਲ ਨਾਟਕ ਪੇਸ਼ਕਾਰੀ ਤੋਂ ਪਹਿਲਾਂ ਅੱਤ ਜ਼ਰੂਰੀ ਹੈ। ਇਸ ਦੇ ਹੇਠ ਲਿਖੇ ਫ਼ਾਇਦੇ ਹਨ।

- ਨਾਟਕ ਟੀਮ ਵਿੱਚ ਏਕਤਾ ਤੇ ਇੱਕਸੁਰਤਾ ਆਉਂਦੀ ਹੈ।
- ਅਦਾਕਾਰ ਦੀ ਹਿਚਕਚਾਹਟ ਦੂਰ ਹੁੰਦੀ ਹੈ।
- ਆਤਮ ਵਿਸ਼ਵਾਸ ਪੈਦਾ ਹੁੰਦਾ ਹੈ।
- ਸੰਗੀਤ ਦਾ ਸੀਨ ਨਾਲ ਅਤੇ ਅਦਾਕਾਰਾ ਨਾਲ ਤਾਲਮੇਲ ਬਣਦਾ ਹੈ।
- ਸੰਵਾਦ ਤੇ ਸੰਗੀਤ ਵਿਚ ਇਕਸੁਰਤਾ ਜ਼ਰੂਰੀ ਹੈ।
- ਰਿਹਰਸਲ ਨਾਲ ਫਾਲਤੂ ਸੰਵਾਦ, ਤੇ ਵਾਧੂ ਸੀਨ ਜੋ ਨਾਟਕ ਦੀ ਪੇਸ਼ਕਾਰੀ ਵਿਚ ਰੁਕਾਵਟ ਜਾਂ ਲਟਕਾ ਪੈਦਾ ਕਰਦੇ ਹਨ, ਕੱਟ ਦਿੱਤੇ ਜਾਂਦੇ ਹਨ।
- ਵੇਸ਼ ਭੂਸ਼ਾ ਦਾ ਅਦਾਕਾਰ ਆਦੀ ਹੋ ਜਾਂਦਾ ਹੈ ਅਤੇ ਉਸ ਨੂੰ ਅੰਤਿਮ ਪੇਸ਼ਕਾਰੀ ਸਮੇਂ ਕੋਈ ਸਮੱਸਿਆ ਨਹੀਂ ਆਉਂਦੀ।
- ਰੂਪ ਸੱਜਾ ਕਰਦੇ ਸਮੇਂ ਕਈ ਅਦਾਕਾਰਾਂ ਦੀ ਚਮੜੀ 'ਤੇ ਜਲਣ ਜਾਂ ਪਹਿਲੀ ਵਾਰ ਕਰੀਮ ਲਗਾਉਣੀ ਜਾਂ ਵੇਸ ਦੀ ਐਲਰਜੀ ਜਾਂ ਗਮ ਦੀ ਐਲਰਜੀ ਆਦਿ ਹੁੰਦੀ ਹੈ ਤਾਂ ਰਿਹਰਸਲ ਦੇ ਦੌਰਾਨ ਇਨ੍ਹਾਂ ਸਮੱਸਿਆਵਾਂ ਤੋਂ ਨਿਰਦੇਸ਼ਕ ਤੇ ਅਦਾਕਾਰ ਜਾਣੂ ਹੋ ਜਾਂਦੇ ਹਨ।
- ਕੁੱਝ ਨਾਟਕਾਂ ਵਿੱਚ ਕਈ ਝਾਕੀਆਂ ਹੁੰਦੀਆਂ ਹਨ, ਜਾਂ ਇੱਕੋ ਅਦਾਕਾਰ ਦੇ ਨਾਟਕ ਵਿੱਚ ਤਿੰਨ-ਚਾਰ ਰੋਲ ਵੀ ਹੁੰਦੇ ਹਨ। ਉਹ ਕੋਈ ਵੀ ਐਂਟਰੀ ਭੁੱਲ ਸਕਦਾ ਹੈ, ਸੰਵਾਦ ਰਲ ਗੱਡ ਕਰ ਸਕਦਾ ਹੈ। ਜੇਕਰ ਉਸ ਦੀਆਂ ਰਿਹਰਸਲਾਂ ਸੁਚੱਜੇ ਢੰਗ ਨਾਲ ਹੋਈਆਂ ਹੋਣਗੀਆਂ ਤਾਂ ਉਸ ਨੂੰ ਕੋਈ ਔਖ ਮਹਿਸੂਸ ਨਹੀਂ ਹੋਵੇਗੀ। ਮੰਚ ਸੱਜਾ ਦੀ ਵੀ ਅਦਾਕਾਰਾਂ ਨੂੰ ਸਮਝ ਆ ਜਾਂਦੀ ਹੈ ਜੇਕਰ ਰਿਹਰਸਲ ਸਮੇਂ ਨਾਟਕ ਦੀ ਮੰਚ ਜੜਤ ਨਾ ਕੀਤੀ ਗਈ ਹੋਵੇ, ਘੱਟ ਰਿਹਰਸਲਾਂ ਕਰਨ ਵਾਲਾ ਅਦਾਕਾਰ ਭੰਬਲ ਭੂਸੇ ਵਿੱਚ ਪੈ ਜਾਂਦਾ ਹੈ ਕਿ ਕਿਹੜਾ ਕਮਰਾ ਉਸ ਦਾ ਹੈ ਅਤੇ ਕਿਹੜਾ ਉਸ ਦੇ ਦਾਦਾ-ਦਾਦੀ ਦਾ।
- ਅਦਾਕਾਰ ਨੂੰ ਬਲੌਕਿੰਗ ਦਾ ਪਤਾ ਲੱਗਦਾ ਹੈ, ਕਿੱਥੋਂ-ਕਿੱਥੇ ਜਾਣਾ, ਬੈਠਣਾ, ਉੱਠਣਾ, ਦੌੜਨਾ ਆਦਿ ਵਿਚ ਰਿਹਰਸਲਾਂ ਨਾਲ ਪ੍ਰਪੱਕਤਾ ਆਉਂਦੀ ਹੈ।
- ਅਦਾਕਾਰ ਐਕਟਰੈਸ ਦਰਮਿਆਨ ਸੰਕੇਤ ਅੰਦਾਜ਼ ਗੰਭੀਰਤਾ ਨਾਲ ਸਿੱਖ ਜਾਂਦਾ ਹੈ।
- ਜਿਸ ਨਾਟਕ ਵਿੱਚ ਲੜਾਈ ਵਾਲੇ ਦ੍ਰਿਸ਼ ਹੋਣ ਅਤੇ ਤਲਵਾਰ, ਨੇਜੇ ਵਰਗੇ ਹਥਿਆਰਾਂ ਦੀ ਵਰਤੋਂ ਹੋਵੇ ਤਾਂ ਰਿਹਰਸਲ ਉਹਨਾਂ ਨਾਟਕਾਂ ਲਈ ਬਹੁਤ ਜ਼ਰੂਰੀ ਹੈ।

**ਪੁਸ਼ਾਕਾਂ :** ਨਾਟਕ ਦੀ ਪੇਸ਼ਕਾਰੀ ਵਿਚ ਪੁਸ਼ਾਕ ਦਾ ਬਹੁਤ ਮਹੱਤਵ ਹੈ। ਪੁਸ਼ਾਕ ਤੋਂ ਹੀ ਪਾਤਰ ਦਾ ਪਤਾ ਲੱਗਦਾ ਹੈ ਕਿ ਉਹ ਕਿਸ ਖੇਤਰ ਨਾਲ ਸਬੰਧਿਤ ਹੈ। ਕੋਈ ਅਦਾਕਾਰ ਪੁਲਿਸ ਦੀ ਵਰਦੀ ਪਾਈ ਮੰਚ 'ਤੇ ਆਉਂਦਾ ਹੈ ਤਾਂ ਉਸ ਨੂੰ ਕਹਿਣ ਦੀ ਜ਼ਰੂਰਤ ਨਹੀਂ ਕਿ ਮੈਂ ਪੁਲਿਸ ਵਾਲਾ ਹਾਂ। ਪੁਸ਼ਾਕ ਇਨਸਾਨ ਦੇ ਆਰਥਕ, ਸਮਾਜਕ ਅਤੇ ਸਭਿਆਚਾਰਕ ਦਰਜੇ, ਉਸਦੀ ਮਨੋਵਿਗਿਆਨਕ ਸਥਿਤੀ ਅਤੇ ਉਸਦੇ ਕਿੱਤੇ, ਸ਼ੌਂਕ, ਕੌਮ ਦਾ ਪ੍ਰਗਟਾਵਾ ਕਰਦੀ ਹੈ।[2]

ਭਿਖਾਰੀ ਦੇ ਪਾਏ ਕੱਪੜੇ ਪੈਂਟ ਕੋਟ ਨਹੀਂ ਹੋ ਸਕਦਾ, ਸਪੱਸ਼ਟ ਹੈ ਕਿ ਉਸ ਦੇ ਪਾਟੇ, ਟਾਕੀਆਂ ਵਾਲੇ ਹੀ ਹੋਣਗੇ। ਤਰਕਸ਼ੀਲ ਲਹਿਰ ਦੇ ਨਾਟਕਾਂ ਵਿੱਚ ਇੱਕ ਪੁਸ਼ਾਕ ਤਾਂ ਸਭ ਦੀ ਸਾਂਝੀ ਹੀ ਹੈ, ਸਾਧ, ਜੋਗੀ, ਜੋਤਸ਼ੀ, ਸਿਆਣਾ, ਚੇਲਾ, ਬਾਬਾ, ਔਲੀਆਂ, ਸਾਈਂ, ਬੂਬਨਾ ਆਦਿ ਇਹ ਪਾਤਰ ਲਗਭਗ ਹਰ ਨਾਟਕ ਵਿਚ ਹੁੰਦਾ ਹੈ। ਇਸ ਲਈ ਉਪਰੋਕਤ ਟੀਮਾਂ ਦੇ ਨਿਰਦੇਸ਼ਕ ਪੀਰਾਂ ਦੀ ਕਬਰ 'ਤੇ ਚੜ੍ਹੀ ਹਰੇ ਰੰਗ ਦੀ ਚਾਦਰ, ਖੇਤਰਪਾਲ ਦਾ ਲਾਲ ਕੱਪੜਾ, ਸ਼ਹੀਦਾਂ ਦਾ ਚਿੱਟਾ ਕੱਪੜਾ, ਸਾਧਾਂ ਦੇ ਕਾਲੇ ਕੱਪੜੇ ਚੁੱਕ ਦਰਜੀ ਤੋਂ ਚੋਲੇ ਸਲਾਈ ਕਰਕੇ ਕਲਾਕਾਰਾਂ ਦੇ ਉਹੀ ਪਵਾ ਦਿੰਦੇ ਹਨ ਇਕ ਪਾਸੇ ਤਾਂ ਮਟੀ ਤੋਂ ਕੱਪੜੇ ਚੁੱਕੇ ਮਟੀ ਦੀ ਸ਼ਕਤੀ ਪਰਖੀ ਜਾਂਦੀ ਸੀ ਦੂਸਰੇ ਆਰਥਿਕ ਪੱਖ ਤੋਂ ਕੱਪੜਾ ਖਰੀਦਣ ਦਾ ਝੰਜਟ ਖਤਮ, ਦੋ ਪੈਸੇ ਬਚਦੇ ਹਨ।

ਇਨ੍ਹਾਂ ਨਾਟਕਾਂ ਦਾ ਮੰਚਣ ਖੇਤਰ ਪੇਂਡੂ ਹੋਣ ਕਰਕੇ ਨਾਟਕਾਂ ਦੀ ਪੇਸ਼ਕਾਰੀ ਵੀ ਯਥਾਰਥਵਾਦੀ ਸ਼ੈਲੀ ਵਿੱਚ ਖੇਡੀ ਜਾਂਦੀ ਸੀ। ਕਈ ਬਜ਼ੁਰਗਾਂ ਦੇ ਕੱਪੜੇ (ਔਰਤ/ ਮਰਦ) ਵੀ ਸਬੰਧਤ ਪਿੰਡ ਚੋਂ ਮਿਲ ਜਾਂਦੇ ਹਨ। ਕੁੜਤਾ ਪਜਾਮਾ, ਚਾਦਰਾ, ਪੱਗ, ਪੰਜਾਬੀ ਜੁੱਤੀ ਆਦਿ ਇਨ੍ਹਾਂ ਨਾਟਕਾਂ ਵਿਚ ਵਰਤੇ ਜਾਂਦੇ ਸਨ ਜੋ ਪਿੰਡਾਂ ਵਿੱਚੋਂ ਸੁਖਾਲਿਆਂ ਹੀ ਮਿਲ ਜਾਂਦੇ ਸਨ। ਕੱਪੜੇ ਜਾਂ ਜੁੱਤੀ ਦੇਣ ਵਾਲਾ ਦਰਸ਼ਕ ਸਭ ਤੋਂ ਵੱਧ ਖੁਸ਼ੀ ਮਹਿਸੂਸ ਕਰਦਾ ਸੀ। ਨਾਟਕ ਦੇਖਣ ਸਮੇਂ ਮੂਹਰੇ ਹੋ ਕੇ ਆਪਣਾ ਕੱਪੜਾ ਦੇਖਣ 'ਚ ਖੁਸ਼ੀ ਮਹਿਸੂਸ ਕਰਦੇ ਸਨ।

**ਮੰਚ ਸੱਜਾ ਤੇ ਸਾਜ਼ੋ-ਸਮਾਨ (ਪ੍ਰੋਪਰਟੀ) :** ਦ੍ਰਿਸ਼ ਸਿਰਜਣਾ ਦਾ ਨਾਟਕ ਵਿਚ ਬਹੁਤ ਮਹੱਤਵਪੂਰਨ ਤੱਤ ਹੈ। ਦਰਸ਼ਕਾਂ ਨੂੰ ਉਸੇ ਮਾਹੌਲ ਵਿੱਚ ਲੈ ਕੇ ਜਾਣਾ ਵਿੱਚ ਦ੍ਰਿਸ਼ ਆਪਣਾ ਬਹੁਤ ਵੱਡਾ ਰੋਲ ਨਿਭਾਉਂਦਾ ਹੈ। ਕਿਸੇ ਵੀ ਪ੍ਰੋਡਕਸ਼ਨ ਵਿੱਚ ਸਭ ਤੋਂ ਵੱਡਾ ਅਤੇ ਸਭ ਤੋਂ ਵੱਧ ਸਪੱਸ਼ਟ ਦ੍ਰਿਸ਼ਮਾਨ ਤੱਤ, ਨਾਟਕ ਦਾ ਸੈੱਟ ਹੀ ਹੁੰਦਾ ਹੈ। ਕਿਸੇ ਵੀ ਪ੍ਰਭਾਵਸ਼ਾਲੀ ਅਤੇ ਆਕਰਸ਼ਕ ਸੈੱਟ ਦੇ ਨਿਰਮਾਣ ਲਈ ਧੰਨ, ਸਮੇਂ ਤੇ ਯਤਨ ਦੀ ਲੋੜ ਪੈਂਦੀ ਹੈ। ਸੈੱਟ ਨਿਰਮਾਣ ਦਾ ਕਾਰਜ ਨਿਰਦੇਸ਼ਕ ਇਕੱਲਾ ਹੀ ਨਹੀਂ ਕਰ ਸਕਦਾ। ਇਸ ਲਈ ਉਹ ਸੀਨ, ਡਿਜ਼ਾਈਨਰ ਅਤੇ ਉਸ ਦੀ ਟੀਮ ਦੀ ਸਹਾਇਤਾ ਲੈਂਦਾ ਹੈ। ਕਈ ਵਾਰ ਇਹ ਕੰਮ ਬਾਹਰ ਠੇਕੇ 'ਤੇ ਵੀ ਕਰਵਾਇਆ ਜਾਂਦਾ ਹੈ। ਇਹ ਕੰਮ ਚਾਹੇ ਸੈੱਟ ਡਿਜਾਇਨਰ ਆਪ ਕਰੇ ਜਾਂ ਬਾਹਰੋਂ ਕਰਵਾਇਆ ਜਾਵੇ। ਇਹ ਆਪਣੇ ਆਪ ਵਿੱਚ ਖਾਸਾ ਮਹੱਤਵਪੂਰਨ ਹੈ ਅਤੇ ਇਸ ਨੂੰ ਕਿਸੇ ਵੀ ਤਰ੍ਹਾਂ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ।"3

ਤਰਕਸ਼ੀਲ ਨਾਟਕਾਂ ਦੇ ਸਬੰਧ ਵਿਚ ਜਦੋਂ ਨਾਟਕ ਦੇ ਸੈੱਟ ਦੀ ਤੇ ਸਾਜ਼ੋ-ਸਾਮਾਨ ਦੀ ਗੱਲ ਕਰਦੇ ਹਾਂ ਤਾਂ ਅਲੱਗ ਅਲੱਗ ਨਿਰਦੇਸ਼ਕਾਂ ਦਾ ਟੀਮਾਂ ਦਾ ਵੱਖੋ-ਵੱਖਰਾ ਕਾਰਜ ਸੀ। ਜਦੋਂ ਇਹ ਨਾਟਕ ਕਿਸੇ ਥਿਏਟਰ ਹਾਲ, ਰੌਸ਼ਨੀ ਦੀ ਸੁਵਿਧਾ ਵਾਲੇ ਹਾਲ ਵਿੱਚ ਖੇਡੇ ਜਾਂਦੇ ਸੀ ਤਾਂ ਉੱਥੇ ਦਰਸ਼ਕਾਂ ਨੂੰ ਪ੍ਰਭਾਵਿਤ ਕਰਨ ਵਾਲੇ ਸੈੱਟ ਵੀ ਲਗਾ ਲਏ ਜਾਂਦੇ ਸਨ। ਹਰ ਤਰ੍ਹਾਂ ਦਾ ਸਾਜੋ ਸਮਾਨ ਟੀਮ ਆਪਣਾ ਨਾਲ ਲੈ ਕੇ ਜਾਂਦੀ ਸੀ। ਜਿਸ ਵਿਚ ਮਾ. ਤਰਲੋਚਨ ਸਿੰਘ ਸਮਰਾਲਾ ਵੱਲੋਂ 'ਸਾੜ੍ਹਸਤੀ' ਤੇ 'ਚਾਨਣ ਦੇ ਵਣਜਾਰੇ', ਸੋਮਪਾਲ ਹੀਰਾ ਵੱਲੋਂ ਵਿਆਹ ਦਾ ਭੂਤ, ਹਰਕੇਸ਼ ਚੌਧਰੀ ਵੱਲੋਂ ਬਾਬਾ ਜਲਦੇਵ, ਸੈਮੂਅਲ ਜੌਹਨ ਵੱਲੋਂ 'ਬਾਲ ਭਗਵਾਨ' ਆਦਿ ਨਾਟਕਾਂ ਵਿਚ ਸੈੱਟ ਦੀ ਭਰਪੂਰ ਵਰਤੋਂ ਕੀਤੀ ਹਰ ਤਰ੍ਹਾਂ ਦਾ ਸਾਜੋ ਸਮਾਨ ਵੀ ਵਰਤਿਆ। ਪਰ ਜਦੋਂ ਇਹ ਨਾਟਕ ਪਿੰਡਾਂ ਵਿੱਚ ਕਰਨੇ ਪੈਂਦੇ ਹਨ ਤਾਂ ਉਥੇ ਮੰਚ ਦੇ ਪਿੱਛੇ ਕਾਲੇ ਪਰਦਾ ਲਗਾ ਕੇ ਹੀ ਸਾਰ ਲਿਆ ਜਾਂਦਾ ਹੈ। ਜਿਸ ਪਿੰਡ ਵਿਚ ਪੇਸ਼ਕਾਰੀ ਹੁੰਦੀ ਓਥੋਂ ਹੀ ਮੰਜਾ, ਕੁਰਸੀ, ਟੇਬਲ, ਝਾੜੂ, ਕਹੀ, ਚਾਦਰ ਆਦਿ ਜੋ ਵੀ ਨਾਟਕ ਵਿੱਚ ਪ੍ਰੋਪਰਟੀ ਚਾਹੀਦੀ ਹੈ ਪ੍ਰਾਪਤ ਕਰ ਲਈ ਜਾਂਦੀ ਹੈ। ਗੁਰਸ਼ਰਨ ਸਿੰਘ ਤਾਂ ਦਰਸ਼ਕਾਂ ਨੂੰ ਸੂਤਰਧਾਰ ਸ਼ੈਲੀ ਵਿੱਚੋਂ ਨਾਟਕ ਸ਼ੁਰੂ ਹੋਣ ਤੋਂ ਪਹਿਲਾਂ ਮੰਚ 'ਤੇ ਆ ਕੇ ਕਹਿ ਦਿੰਦੇ ਸੀ ਮੰਨ ਲਓ ਇਹ ਬੱਚੇ ਦਾ ਪੰਘੂੜਾ ਹੈ, ਤੇ ਇਹ ਜੰਗੀ ਰਾਮ ਦੀ ਹਵੇਲੀ ਹੈ। ਦਰਸ਼ਕ ਮੰਨ ਵੀ ਲੈਂਦੇ ਸਨ। ਇਹ ਸੀ ਇਸ ਪੇਂਡੂ ਰੰਗਮੰਚ ਦੀ ਤਾਕਤ, ਲੋਕ ਵਰਦੇ ਮੀਂਹ ਵਿੱਚ ਵੀ ਨਾਟਕ ਦੇਖ ਲੈਂਦੇ ਹਨ। ਬਿਜਲੀ ਚਲੇ ਜਾਣ ਕਾਰਨ ਟਰੈਕਟਰ ਦੀਆਂ ਲਾਈਟਾਂ ਵਿੱਚ ਵੀ ਪੇਂਡੂ ਰੰਗਮੰਚ ਨਿਰੰਤਰ ਚਲਦਾ ਰਹਿੰਦਾ ਹੈ।

**ਰੋਸ਼ਨੀ ਵਿਉਂਤ :** ਨਾਟ-ਮੰਚ ਦੀ ਪੇਸ਼ਕਾਰੀ ਸਮੇਂ ਬਾਕੀ ਤੱਤਾਂ ਵਾਂਗ ਰੋਸ਼ਨੀ ਵੀ ਓਹਨੀ ਹੀ ਮਹੱਤਵਪੂਰਨ ਹੈ ਜਿੰਨੇ ਬਾਕੀ ਤੱਤ ਹਨ। ਰੋਸ਼ਨੀ ਕਿਸੇ ਪਾਤਰ ਨੂੰ, ਵਸਤੂ ਨੂੰ ਵਿਸ਼ੇਸ਼ ਬਣਾ ਦਿੰਦੀ ਹੈ ਮੰਚ ਉਪਰ ਪਈ ਕੋਈ ਵੀ ਚੀਜ਼ ਜਿਸ ਨੂੰ ਬਾਕੀਆਂ ਨਾਲੋਂ ਅਲੱਗ ਦਿਖਾਉਣਾ ਹੈ, ਰੋਸ਼ਨੀ ਦੀ ਮਦਦ ਨਾਲ ਉਸਨੂੰ ਚਮਕਾਇਆ ਜਾ ਸਕਦਾ, ਸੂਰਜ, ਚੰਨ, ਤਾਰੇ, ਚੜ੍ਹਦੇ, ਡੁੱਬਦੇ, ਦਿਨ, ਰਾਤ, ਦੁਪਹਿਰ, ਹਨੇਰੀ, ਮੀਂਹ, ਬਿਜਲੀ ਸਭ ਕੁਝ ਰੋਸ਼ਨੀ ਦੀ ਮਦਦ ਨਾਲ ਸਿਰਜਿਆ ਜਾ ਸਕਦਾ ਹੈ। "ਦਿਨ ਦੇ ਵਕਤ ਸਵੇਰ, ਦੁਪਹਿਰ, ਸ਼ਾਮ, ਰਾਤ, ਸਾਲ

ਦੇ ਮੌਸਮ, ਗਰਮੀ, ਸਰਦੀ, ਪੱਤਝੜ, ਬਸੰਤ: ਇਤਿਹਾਸਿਕ ਨਾਟਕਾਂ ਦੀ ਪਹਿਚਾਣ ਜਾਂ ਪੁਰਾਣੇ ਸਮਿਆਂ ਦੇ ਨਾਟਕਾਂ ਦੇ ਕਾਲ ਸਬੰਧੀ ਦਰਸ਼ਕਾਂ ਦੀ ਜਾਣਕਾਰੀ ਵਧਾਉਣ ਲਈ ਰੋਸ਼ਨੀ ਵਿਉਂਤਕਾਰ ਆਪਣੀ ਕਲਾ ਦੀ ਵਰਤੋਂ ਕਰਦਾ ਹੈ।"[4]

ਤਰਕਸ਼ੀਲ ਮੇਲੇ ਆਮ ਤੌਰ 'ਤੇ ਦਿਨ ਦੇ ਸਮੇਂ ਵਿੱਚ ਹੁੰਦੇ ਹਨ। ਜਿਥੇ ਰੌਸ਼ਨੀ ਦੇ ਪ੍ਰਬੰਧ ਦੀ ਜ਼ਰੂਰਤ ਨਹੀਂ ਹੁੰਦੀ। ਜੇਕਰ ਰਾਤ ਨੂੰ ਨਾਟਕ ਖੇਡੇ ਜਾਣ ਤਾਂ ਸਰਚ ਲਾਈਟਾਂ, ਫਲੱਡ ਲਾਈਟਾਂ ਕਿਸੇ ਟੈਂਟ ਸਰਵਿਸ ਜਾਂ ਡੀ.ਜੇ. ਤੋਂ ਲੈ ਲਈਆਂ ਜਾਂਦੀਆਂ ਹਨ। ਕਈ ਵਾਰ ਕਿਸੇ ਗੀਤ ਲਈ ਜਾਂ ਲੜਾਈ ਦੇ ਦ੍ਰਿਸ਼ ਲਈ ਰਾਤ ਸਮੇਂ ਲਈ ਦਿਨ ਰਾਤ ਦਾ ਦ੍ਰਿਸ਼ ਸਿਰਜਣ ਲਈ ਨੀਲੇ, ਲਾਲ, ਪੀਲੀ, ਹਰੇ ਪੇਪਰ ਲੈ ਕੇ ਉਨ੍ਹਾਂ ਨੂੰ ਲਾਈਟਾਂ ਅੱਗੇ ਬੰਨ ਦਿੱਤਾ ਜਾਂਦਾ ਹੈ। ਉਸ ਰੰਗ ਬਿਰੰਗੀ ਰੋਸ਼ਨੀ ਨਾਲ ਅਦ੍ਰਿਸ਼ ਨੂੰ ਪ੍ਰਭਾਵਸ਼ਾਲੀ ਬਣਾ ਲਿਆ ਜਾਂਦਾ ਸੀ। ਕਈ ਨਾਟਕ ਮੇਲਿਆਂ ਲਈ ਫ਼ਰੀਦਕੋਟ, ਮੰਡੀ ਅਹਿਮਦਗੜ੍ਹ, ਪਟਿਆਲਾ, ਲੁਧਿਆਣਾ, ਜਲੰਧਰ, ਅੰਮ੍ਰਿਤਸਰ ਵਿੱਚ ਖਾਸ ਰੌਸ਼ਨੀ ਵਾਲੇ ਅਤੇ ਸਾਊਂਡ ਵਾਲੇ ਨੂੰ ਬੁਲਾ ਕੇ ਸਫ਼ਲ ਪੇਸ਼ਕਾਰੀ ਪਿੰਡ ਵਿੱਚ ਵੀ ਕਰ ਦਿੱਤੀ ਜਾਂਦੀ। ਕਈ ਨਾਟਕ ਗਰੁੱਪ ਜਿਵੇਂ ਮਾ. ਤਰਲੋਚਨ, ਹਰਕੇਸ਼ ਚੌਧਰੀ ਤੇ ਤਰਲੋਚਨ ਸਿੰਘ ਪਨੇਸਰ ਨੇ ਆਪਣਾ ਹੀ ਰੋਸ਼ਨੀ ਪ੍ਰਬੰਧ ਖਰੀਦਿਆ ਹੋਇਆ ਸੀ। ਪਰ ਤਰਕਸ਼ੀਲ ਨਾਟਕਾਂ ਦਾ ਮੁੱਖ ਮਕਸਦ ਪ੍ਰਬੰਧਕਾਂ ਅਨੁਸਾਰ ਨਾਟਕੀ ਜੁਗਤਾ ਦਾ ਪ੍ਰਦਰਸ਼ਨ ਨਹੀ ਸਗੋਂ ਤਰਕਸ਼ੀਲ ਸੁਨੇਹਾ ਦੇਣਾ ਜ਼ਰੂਰੀ ਸੀ। ਉਸ ਪੇਸ਼ਕਾਰੀ ਵਿਚ ਅਦਾਕਾਰਾ ਦੇ ਸੰਵਾਦ ਤੇ ਅਦਾਕਾਰੀ ਬਾਕੀ ਜੁਗਤਾਂ ਨੂੰ ਫਿੱਕੀਆਂ ਕਰ ਦਿੰਦੀ ਹੈ।

**ਰੂਪ-ਸੱਜਾ (Make up) :** ਰੰਗਮੰਚ ਦੇ ਬਾਕੀ ਤੱਤਾਂ ਵਾਂਗ ਮੇਕਅਪ ਵੀ ਪੇਸ਼ਕਾਰੀ ਵਿਚ ਆਪਣੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

"ਸਟੇਜ ਮੇਕਅਪ ਸਧਾਰਨ ਮੇਕਅਪ ਤੋਂ ਭਿੰਨ ਹੈ। ਇਸ ਵਿੱਚ ਪ੍ਰਕਾਸ਼ ਅਤੇ ਦੂਰੀ ਆਪਣੇ ਹੀ ਪ੍ਰਭਾਵ ਸਿਰਜਦੇ ਹਨ। ਜਿਨ੍ਹਾਂ ਤੋਂ ਵਾਕਿਫ ਹੋਣਾ ਹਰ ਮੇਕਅਪ ਆਰਟਿਸਟ ਲਈ ਜ਼ਰੂਰੀ ਹੈ।.... ਮੇਕ ਅੱਪ ਤੋਂ ਬਿਨਾਂ ਅਦਾਕਾਰ ਨੀਰਸ ਤੇ ਪ੍ਰਭਾਵਹੀਣ ਹੋ ਕੇ ਰਹਿ ਜਾਂਦੇ ਹਨ।"[5]

ਪਰ ਤਰਕਸ਼ੀਲ ਪੇਂਡੂ ਰੰਗਮੰਚ ਵਿੱਚ ਸਪੈਸ਼ਲ ਮੇਕ-ਅੱਪ ਨਹੀਂ ਕੀਤਾ ਜਾਂਦਾ, ਕਰੇਪ ਡੋਰੀ ਵਾਲੀ ਤੇ ਖੁੱਲ੍ਹੀ ਕਰੇਪ ਵਰਤੀ ਜਾਂਦੀ ਜੋ ਮਰਦਾਂ ਦੇ ਦਾਹੜੀ ਤੇ ਔਰਤਾਂ ਦੇ ਧੌਲ਼ੇ ਲਗਾਉਣ ਲਈ ਇਸ ਦੀ ਵਰਤੋਂ ਹੁੰਦੀ ਜਿਸ ਨੂੰ ਲਗਾਉਣ ਲਈ ਸਪਿਰਟ ਗੰਮ ਦੀ ਵਰਤੋਂ ਕੀਤੀ ਜਾਂਦੀ। ਦਾੜੀ, ਕਾਲੀ, ਚਿੱਟੀ, ਮਹਿੰਦੀ ਰੰਗੀ, ਕਰੜ ਬਰੜੀ ਹੀ ਵਰਤੀ ਜਾਂਦੀ, ਜਾਂ ਹੇਅਰ ਵਾਈਟਨਰ ਦੀ ਵਰਤੋਂ ਦਾੜੀ, ਮੁੱਛਾਂ ਤੇ ਸਿਰ ਦੇ ਵਾਲ ਚਿੱਟੇ ਕਰਨ ਲਈ ਵਰਤਿਆ ਜਾਂਦਾ ਹੈ। ਆਮ ਤੌਰ 'ਤੇ ਮੇਕ ਅੱਪ ਨੂੰ ਬਹੁਤੀ ਤਰਜੀਹ ਨਹੀਂ ਦਿੱਤੀ ਜਾਂਦੀ ਪਾਤਰ ਪਹਿਚਾਣ ਕਾਸਟਿਊਮ ਨਾਲ ਹੀ ਸਿਰਜ ਲਈ ਜਾਂਦੀ।

**ਨਾਟਕੀ ਸੰਗੀਤ :** ਨਾਟਕ ਦੀ ਪੇਸ਼ਕਾਰੀ ਸਮੇਂ ਸੰਗੀਤ ਉਸ ਨੂੰ ਸਿਖਰ ਤਕ ਲੈ ਕੇ ਜਾਂਦਾ ਹੈ। ਪੇਸ਼ਕਾਰੀ ਵਿਚ ਸੰਭਾਵਨਾਵਾਂ ਬਣੀਆਂ ਵੀ ਰਹਿੰਦੀਆਂ ਹਨ। ਦ੍ਰਿਸ਼ ਸਿਰਜਣ ਲਈ, ਪਾਤਰ ਦੇ ਪ੍ਰਭਾਵ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ, ਮੌਸਮ ਦਾ ਪ੍ਰਭਾਵ ਸਿਰਜਣ ਲਈ, ਦਿਨ ਰਾਤ ਦਾ ਪ੍ਰਭਾਵ ਦੇਣ ਲਈ, ਅਦਾਕਾਰ ਦੀ ਵੇਦਨਾ ਕਰੁਣਾ ਨੂੰ ਦੁਖਾਂਤਿਕ ਰੂਪ ਵਿੱਚ ਪੇਸ਼ ਕਰਨ ਲਈ, ਮੰਗਣਾ, ਵਿਆਹ, ਸ਼ਾਦੀ, ਖ਼ੁਸ਼ੀ ਦੇ ਹਰ ਮਾਹੌਲ ਨੂੰ ਸਿਰਜਣ ਲਈ ਰੰਗਮੰਚ ਵਿਚ ਸੰਗੀਤ ਆਪਣੀ ਬਣਦੀ ਖੂਬਸੂਰਤ ਭੂਮਿਕਾ ਨਿਭਾਉਂਦਾ ਹੈ। ਤਰਕਸ਼ੀਲ ਮੇਲਿਆਂ ਵਿੱਚ ਖੇਡੇ ਜਾਣ ਵਾਲੇ ਨਾਟਕਾਂ ਵਿੱਚ, ਹਰ ਟੀਮ ਆਪਣੀ ਸਮਰੱਥਾ ਅਨੁਸਾਰ ਸੰਗੀਤ ਦੀ ਵਰਤੋਂ ਕਰਦਾ ਹੈ। ਆਰਟ ਸੈਂਟਰ ਸਮਰਾਲਾ, ਸਿਰਜਣਾ ਆਰਟ ਗਰੁੱਪ ਰਾਏਕੋਟ, ਲੋਕ ਕਲਾ ਮੰਚ ਮੁੱਲਾਂਪੁਰ, ਮੰਚ ਰੰਗਮੰਚ ਅੰਮ੍ਰਿਤਸਰ, ਗਾਇਕ, ਹਰਮੋਨੀਅਮ, ਢੋਲਕ, ਡਫ਼, ਕੀ ਬੋਰਡ, ਨਗਾਰਾ, ਚਿਮਟਾ ਆਦਿ ਸਾਜ਼ਾਂ ਦੀ ਸਫਲਤਾ ਨਾਲ ਵਰਤੋਂ ਕਰਦੇ ਹਨ। ਸੰਗੀਤ ਵਿੱਚ ਰਿਕਾਰਡ ਸੰਗੀਤ ਦੀ ਵਰਤੋਂ ਕੀਤੀ ਜਾਂਦੀ ਹੈ। ਪਹਿਲੇ ਟੇਪ ਰਿਕਾਰਡਰ, ਡੈੱਕ, ਸਟੀਰੀਓ, ਸੀ.ਡੀ., ਪੈੱਨ ਡਰਾਈਵਰ, ਲੈਪਟਾਪ ਤੇ ਮੋਬਾਈਲ ਨਾਲ ਨਾਟਕਾਂ ਵਿੱਚ ਸੰਗੀਤ ਦਿੱਤਾ ਜਾਂਦਾ ਹੈ। ਲਾਈਵ ਅਤੇ ਰਿਕੋਡਰ ਦੋਵੇਂ ਤਰ੍ਹਾਂ ਦਾ ਹੀ ਸੰਗੀਤ ਵਰਤਿਆ ਜਾਂਦਾ ਹੈ।

**ਨਾਟਕ ਮੰਡਲੀਆਂ ਦੀ ਭੂਮਿਕਾ :** ਜਿਥੇ ਤਰਕਸ਼ੀਲ ਲਹਿਰ ਨੇ ਨਾਟਕ ਤੇ ਰੰਗਮੰਚ ਦੇ ਨਿਕਾਸ ਤੇ ਵਿਕਾਸ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਉੱਥੇ ਇਸ ਦੇ ਪਰਤਾਓ ਵਜੋਂ ਨਾਟਕ ਮੰਡਲੀਆਂ ਨੇ ਤਰਕਸ਼ੀਲ ਲਹਿਰ ਦੇ ਵਿਕਾਸ ਵਿਚ ਅਤੇ ਤਰਕਸ਼ੀਲ ਨਾਟਕਾਂ ਦੇ ਲਿਖਤ ਤੇ ਮੰਚਣ ਵਿਚ ਸਾਰਥਕ ਭੂਮਿਕਾ ਨਿਭਾਈ ਹੈ।

ਤਰਕਸ਼ੀਲ ਨਾਟਕ ਖੇਡਣ ਵਾਲੀਆਂ ਮੰਡਲੀਆਂ :

- ਅੰਮ੍ਰਿਤਸਰ ਨਾਟਕ ਕਲਾ ਕੇਂਦਰ (ਗੁਰਸ਼ਰਨ ਸਿੰਘ)
- ਚੰਡੀਗੜ੍ਹ ਸਕੂਲ ਆਫ ਡਰਾਮਾ (ਗੁਰਸ਼ਰਨ ਸਿੰਘ)
- ਮੰਚ ਰੰਗਮੰਚ ਅੰਮ੍ਰਿਤਸਰ (ਕੇਵਲ ਧਾਲੀਵਾਲ)
- ਸਿਰਜਣਾ ਆਰਟ ਗਰੁੱਪ ਰਾਏਕੋਟ (ਸੋਮਪਾਲ ਹੀਰਾ)
- ਆਰਟ ਸੈਂਟਰ ਸਮਰਾਲਾ (ਮਾ. ਤਰਲੋਚਨ ਸਮਰਾਲਾ)
- ਲੋਕ ਕਲਾ ਮੰਚ ਮੁੱਲਾਂਪੁਰ (ਹਰਕੇਸ਼ ਚੌਧਰੀ)
- ਨਾਟਿਯਅਮ ਜੈਤੋ (ਕੀਰਤੀ ਕਿਰਪਾਲ)
- ਚੇਤਨਾ ਕਲਾ ਮੰਚ ਬਰਨਾਲਾ (ਹਰਵਿੰਦਰ ਦੀਵਾਨਾ)
- ਅਦਾਕਾਰ ਮੰਚ ਮੁਹਾਲੀ (ਸਾਹਿਬ ਸਿੰਘ)
- ਸੁਚੇਤਕ ਰੰਗਮੰਚ ਮੁਹਾਲੀ (ਅਨੀਤਾ ਸ਼ਬਦੀਸ਼)
- ਸੱਜਰੀ ਸਵੇਰ ਕਲਾ ਕੇਂਦਰ ਮੋਰਿੰਡਾ (ਰਵਿੰਦਰ ਰੱਬੀ)
- ਲੋਕ ਕਲਾ ਮੰਚ ਮਾਨਸਾ (ਸਵ. ਅਜਮੇਰ ਸਿੰਘ ਔਲਖ)
- ਸਾਰਥਕ ਰੰਗਮੰਚ ਪਟਿਆਲਾ (ਲੱਖਾ ਲਹਿਰੀ)
- ਲੋਕ ਸੰਗਰਾਮ ਕਲਾ ਮੰਚ ਰੱਲਾ (ਮੇਘ ਰਾਜ ਰੱਲਾ)
- ਨਵ ਚਿੰਤਨ ਕਲਾ ਮੰਚ ਬਿਆਸ (ਹੰਸਾ ਸਿੰਘ)
- ਆਰਟ ਨਾਟਮੰਚ ਵੇਰਕਾ (ਕੁਲਜੀਤ ਵੇਰਕਾ)
- ਪ੍ਰੀਤ ਕਲਾ ਮੰਚ ਬੁੱਟਰ
- ਲੋਕ ਕਲਾ ਮੰਚ ਮਾਛੀਵਾੜਾ (ਮਾ. ਨਛੱਤਰ ਤੇ ਤਰਲੋਚਨ)
- ਪੰਜਾਬ ਕਲਾ ਮੰਚ ਮਾਨਸਾ (ਸੁਰਜੀਤ ਗਾਮੀ)
- ਜਨਚੇਤਨਾ ਕਲਾ ਮੰਚ ਬਿਲਾਸਪੁਰ
- ਭਾਈ ਮੰਨਾ ਸਿੰਘ ਰੰਗਮੰਚ, ਭਗਤਾ ਭਾਈਕਾ (ਸੁਖਵਿੰਦਰ ਦੀਦਾ)
- ਲੋਕ ਕਲਾ ਮੰਚ ਜੀਰਾ (ਮੇਘ ਰਾਜ ਰੱਲਾ)
- ਰੌਸ਼ਨੀ ਕਲਾ ਮੰਚ ਘਲੋਟੀ (ਹਰਜੀਤ ਵੈਦ)
- ਲੋਕ ਰੰਗਮੰਚ ਜੋਧਪੁਰ (ਗੁਰਤੇਜ ਸਿੰਘ)
- ਕ੍ਰਾਂਤੀ ਕਲਾ ਮੰਚ ਰੋਪੜ
- ਮਾਨਵਤਾ ਕਲਾ ਮੰਚ ਨਗਰ (ਜਸਵਿੰਦਰ ਪੱਪੀ)

- ਪੰਜ ਪਾਣੀ ਲੋਕ ਕਲਾ ਮੰਚ ਗੋਪਾਲਪੁਰ ਮੱਝਵਿੰਡ
- ਸਰਘੀ ਕਲਾ ਕੇਂਦਰ ਮੁਹਾਲੀ (ਸੰਜੀਵਨ ਸਿੰਘ)
- ਆਰਟ ਥੀਏਟਰ ਲੁਧਿਆਣਾ (ਹੀਰਾ ਸਿੰਘ ਰੰਧਾਵਾ)
- ਦੁਆਬਾ ਕਲਾ ਮੰਚ, ਮੰਗੂਵਾਲ (ਦਰਸ਼ਨ ਖਟਕੜ)
- ਇਪਟਾ ਖੰਨਾ (ਜਗਦੀਸ਼)
- ਵੀਨਸ ਆਰਟ ਥੀਏਟਰ, ਬਠਿੰਡਾ (ਟੋਨੀ ਬਾਤਿਸ਼)
- ਰੰਗਮੰਚ ਮੋਗਾ (ਬਲਦੇਵ ਸਿੰਘ)
- ਪ੍ਰਗਤੀ ਕਲਾ ਕੇਂਦਰ, ਲਾਂਦੜਾ (ਬੀਬਾ ਕੁਲਵੰਤ)
- ਲੋਹੀਆਂ ਨਾਟਕ ਕਲਾ ਕੇਂਦਰ (ਵਿਜੈ ਕੁਮਾਰ ਸਚਦੇਵਾ)
- ਰੰਗ ਮਹਿਲ ਡਰਾਮਾ ਡਿਵਿਜ਼ਨ, ਗਿੱਦੜਬਾਹਾ (ਰਾਜਧੀਰ)
- ਸਾਗਰ ਆਰਟਸ ਬਠਿੰਡਾ (ਬੰਟੀ ਮੌਂਗਾ)
- ਲੋਕ ਚੇਤਨ ਕਲਾ ਮੰਚ, ਰਾਮਪੁਰਾ ਫੂਲ (ਜਸਵੰਤ ਪਾਂਧੀ)
- ਦੀਪ ਕਲਾ ਮੰਚ ਮਾਨਸਾ (ਬਾਰੂ ਸੱਗੂ)
- ਪੰਚ ਰੰਗਮੰਚ, ਪੱਟੀ (ਹਰਜੀਤ ਕੰਗ)
- ਨਾਟਕ ਕਲਾ ਸਾਗਰ, ਮੰਡੀ ਗੋਬਿੰਦਗੜ੍ਹ
- ਪੀਪਲਜ਼ ਥੀਏਟਰ ਲਹਿਰਾਗਾਗਾ (ਸੈਮੂਅਲ ਜੌਨ)
- ਵਿਗਿਆਨ ਕਲਾ ਮੰਚ ਲੁਧਿਆਣਾ

ਆਦਿ ਨਾਟਕ ਮੰਡਲੀਆਂ ਨੇ ਆਪਣੇ ਨਿੱਜੀ ਯਤਨਾਂ, ਤਰਕਸ਼ੀਲ ਆਗੂਆਂ ਨਾਲ ਮਿਲ ਕੇ ਤਰਕਸ਼ੀਲ ਲਹਿਰ ਤੇ ਰੰਗਮੰਚ ਨੂੰ ਭਰ ਵਗਦਾ ਦਰਿਆ ਬਣਾ ਕੇ ਪੰਜਾਬ 'ਚ ਚਰਚਿਤ ਕੀਤਾ। ਇਹਨਾਂ ਗਰੁੱਪਾਂ ਦਾ ਨਾਂ ਤਰਕਸ਼ੀਲ ਸੁਸਾਇਟੀ ਅਤੇ ਪੰਜਾਬੀ ਰੰਗਮੰਚ ਦੇ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਵਿਚ ਲਿਖਿਆ ਗਿਆ ਹੈ। ਨਾਟਕ ਮੰਡਲੀਆਂ ਨੇ ਤਰਕਸ਼ੀਲ ਲਹਿਰ ਅਤੇ ਤਰਕਸ਼ੀਲ ਨਾਟਕਾਂ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਅੱਤਵਾਦ ਦੇ ਦੌਰ ਵਿਚ ਬੰਦੂਕਾਂ ਦੇ ਪਰਛਾਵਿਆਂ ਵਿਚ ਨਾਟਕ ਮੇਲੇ ਕਰਨਾ ਇਕ ਬਹਾਦਰੀ ਦਾ ਕੰਮ ਸੀ।

ਤਰਕਸ਼ੀਲ ਸੁਸਾਇਟੀ ਨਾਲ਼ ਆਮ ਤੌਰ 'ਤੇ ਨੌਜਵਾਨ ਵਰਗ ਹੀ ਜੁੜਦਾ ਸੀ ਤੇ ਨੌਜਵਾਨ ਵਰਗ ਨੂੰ ਤਰਕਸ਼ੀਲ ਖੇਤਰ ਵਿਚ ਜਾਂਦਿਆਂ ਹੀ ਆਪਣੀ ਪੁਰਾਣੀ ਪੀੜ੍ਹੀ ਤੋਂ ਤਰ੍ਹਾਂ-ਤਰ੍ਹਾਂ ਦੇ ਬੋਲ-ਕੁਬੋਲ ਸੁਣਨੇ ਪੈਂਦੇ ਹਨ। ਇਕ ਕਿਸਮ ਦੀ ਘਰ ਨਾਲ ਬਗ਼ਾਵਤ ਕਰਕੇ ਹੀ ਨੌਜਵਾਨ ਮੁੰਡੇ ਕੁੜੀਆਂ ਤਰਕਸ਼ੀਲ ਲਹਿਰ ਤੇ ਤਰਕਸ਼ੀਲ ਨਾਟਕਾਂ ਨਾਲ਼ ਜੁੜਦੇ ਸਨ। ਮਾਪਿਆਂ ਵਲੋਂ ਇਕ ਕਿਸਮ ਦਾ ਉਹਨਾਂ ਨਾਲ਼ ਬਾਈਕਾਟ ਹੀ ਕਰ ਦਿੱਤਾ ਜਾਂਦਾ ਸੀ। ਪਰ ਇਹ ਨੌਜਵਾਨ ਰੰਗਕਰਮੀ ਵਰਗ ਲੋਕ ਭਲਾਈ ਦੇ ਕਾਰਜ ਵਿਚ ਅਤੇ ਆਪਣੇ ਨਾਟਕੀ ਸ਼ੌਕ ਨੂੰ ਜਿਉਂਦਾ ਰੱਖਣ ਲਈ ਜਾਨ ਤਲੀ ਤੇ ਰੱਖਣ ਵਰਗੀ ਸਥਿਤੀ ਵਿਚ ਹੋ ਕੇ ਰੰਗਮੰਚ ਦੇ ਵਿਹੜੇ ਆਉਂਦੇ ਸਨ। ਇਸ ਸਥਿਤੀ ਵਿਚ ਇਹਨਾਂ ਰੰਗਕਰਮੀਆਂ ਦੀ ਭੂਮਿਕਾ ਨੂੰ ਸਲਾਮ ਕਰਨਾ ਬਣਦਾ ਹੈ। ਤਰਕਸ਼ੀਲ ਲਹਿਰ ਦੀ ਰੰਗਮੰਚ ਨੂੰ ਦੇਣ ਹੇਠ ਲਿਖੇ ਨੁਕਤਿਆਂ ਵਿੱਚ ਵੀ ਦੇਖੀ ਜਾ ਸਕਦੀ ਹੈ :

- ਇਸ ਲਹਿਰ ਨੇ ਨਵੇਂ ਨਿਰਦੇਸ਼ਕਾਂ ਨੂੰ ਜਨਮ ਦੇ ਕੇ ਉਨ੍ਹਾਂ ਨੂੰ ਸਥਾਪਤ ਵੀ ਕੀਤਾ।
- ਨਵੀਆਂ ਨਾਟਕ ਟੀਮਾਂ ਹੋਂਦ ਵਿੱਚ ਆਈਆਂ।
- ਨਵੇਂ ਨਿਰਦੇਸ਼ਕਾਂ, ਰੰਗਕਰਮੀਆਂ ਨੇ ਆਪਣੇ ਨਿੱਜੀ ਯਤਨਾਂ ਨਾਲ ਨਾਟ ਘਰ ਬਣਾਉਣੇ ਅਰੰਭ ਕੀਤੇ ਜੋ ਤਰਕਸ਼ੀਲ ਲਹਿਰ ਦੇ ਪੈਦਾ ਕੀਤੇ ਹੋਏ ਰੰਗਕਰਮੀ ਸਨ।
- ਮੈਰਿਜ ਪੈਲਿਸਾਂ ਵਿੱਚ ਤਰਕਸ਼ੀਲ ਨਾਟ ਮੇਲੇ ਹੋਣ ਲੱਗੇ।
- ਤਰਕਸ਼ੀਲ ਸਾਥੀਆਂ ਨੇ ਆਪਣੇ ਵਿਆਹ-ਸ਼ਾਦੀਆਂ ਵਾਲੇ ਸਮਾਗਮਾਂ ਵਿੱਚ ਗਾਉਣ ਵਾਲਿਆਂ ਦੇ ਕਲਚਰ ਨੂੰ ਖਤਮ ਕਰਕੇ ਨਾਟਕ ਤੇ ਕੋਰੀਓਗ੍ਰਾਫੀਆਂ ਕਰਵਾਉਣੀਆਂ ਸ਼ੁਰੂ ਕੀਤੀਆਂ।
- ਸੱਭਿਆਚਾਰਕ ਮੇਲਿਆਂ ਦੀ ਥਾਂ ਨਾਟਕ ਮੇਲੇ ਹੋਣ ਲੱਗੇ।
- ਨਾਟ ਪੇਸ਼ਕਾਰੀਆਂ ਨੂੰ ਦੇਖ ਕੇ ਲੋਕਾਂ ਨੇ ਸਾਧਾਂ-ਜੋਤਸ਼ੀਆਂ ਨੂੰ ਸਵਾਲ ਕਰਨੇ ਸ਼ੁਰੂ ਕਰ ਦਿੱਤੇ।
- ਪੇਂਡੂ ਦਰਸ਼ਕ ਨੂੰ ਰੰਗਮੰਚ ਦੀ ਚੇਟਕ ਲਗਾ ਕੇ ਰੰਗਮੰਚ ਦੀ ਸੂਝ ਦਿੱਤੀ।
- ਨਾਟਕ ਮੇਲੇ ਕਰਵਾਉਣ ਲਈ ਨਵੀਆਂ-ਨਵੀਆਂ ਤਰਕਸ਼ੀਲ ਇਕਾਈਆਂ ਬਣਨ ਲੱਗੀਆਂ।
- ਜਾਗ੍ਰਿਤ ਲੋਕਾਂ ਵੱਲੋਂ ਨਾਟਕਾਂ ਦੇ ਮੰਚਨ ਲਈ ਰੰਗਮੰਚੀ ਲੋੜਾਂ ਵਾਲੀ ਸਟੇਜ ਬਣਾ ਕੇ ਅਤਿ-ਆਧੁਨਿਕ ਲਾਈਟਿੰਗ ਤੇ ਸਾਊਂਡ ਸਿਸਟਮ ਦਾ ਪ੍ਰਬੰਧ ਕੀਤਾ ਜਾਣ ਲੱਗਾ।

**ਹਵਾਲੇ :**


1. John Dolman, Jr and Richard K. Knaub, The Art of Play Production (Third Edition) Harper and Row, Inc. 1973, page 199
2. ਸੁਰਜੀਤ ਸਿੰਘ ਸੇਠੀ, ਨਾਟਕ ਸਟੇਜ ਤੇ ਦਰਸ਼ਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000, ਪੰਨਾ-86
3. ਡਾ. ਕੁਲਦੀਪ ਸਿੰਘ ਧੀਰ, ਨਾਟਕ ਸਟੇਜ ਤੇ ਦਰਸ਼ਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000, ਪੰਨਾ-86
4. ਸੁਰਜੀਤ ਸਿੰਘ ਸੇਠੀ, ਸਿਰਜਨਾਤਮਿਕ ਨਾਟਕ ਨਿਰਦੇਸ਼ਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985, ਪੰਨਾ-146
5. ਡਾ. ਕੁਲਦੀਪ ਸਿੰਘ ਧੀਰ, ਨਾਟਕ ਸਟੇਜ ਤੇ ਦਰਸ਼ਕ, ਪੰਨਾ-140